# Women with

# Disabilities Australia

# (ਵਿਕਲਾਂਗਤਾ ਵਾਲੀਆਂ ਔਰਤਾਂ, ਆਸਟ੍ਰੇਲੀਆ)



# ਕਿਤਾਬ 3

# ਅਗਵਾਈ ਕਰਨੀ ਤੇ ਹਿੱਸਾ

# ਲੈਣਾ

Women With Disabilities Australia (WWDA)

ਅਸੀਂ Women with Disabilities Australia

(ਵਿਕਲਾਂਗਤਾ ਵਾਲੀਆਂ ਔਰਤਾਂ, ਆਸਟ੍ਰੇਲੀਆ) ਹਾਂ।

ਜਦੋਂ ਅਸੀਂ ਆਪਣੇ ਬਾਰੇ ਗੱਲ ਕਰਦੇ ਹਾਂ ਤਾਂ ਅਸੀਂ **WWDA**

ਲਿਖਾਂਗੇ।






**ਕਿਤਾਬ 3**

ਇਹ ਕਿਤਾਬ **ਅਗਵਾਈ ਕਰਨੀ ਤੇ ਹਿੱਸਾ ਲੈਣ** ਦੇ ਤੁਹਾਡੇ **ਹੱਕਾਂ**

ਦੇ ਬਾਰੇ ਹੈ।





ਇਹ ਕਿਤਾਬ **ਵਿਕਲਾਂਗਤਾ** ਵਾਲੀਆਂ ਔਰਤਾਂ ਅਤੇ ਲੜਕੀਆਂ

ਲਈ ਹੈ।

ਵਿਕਲਾਂਗਤਾ ਕੀ ਹੈ ਇਸ ਦੇ ਬਾਰੇ **ਨਵੇਂ ਸ਼ਬਦਾਂ** ਵਾਲੀ

ਕਿਤਾਬ ਵਿੱਚੋਂ ਪੜ੍ਹੋ।



# ਹਿੱਸਾ ਲੈਣਾ

ਇਸ ਦਾ ਮਤਲਬ ਚੀਜ਼ਾਂ ਵਿੱਚ ਹਿੱਸਾ ਲੈਣਾ ਹੈ। ਜਿਵੇਂ ਕਿ



- ਤੁਸੀਂ **ਸਕੂਲ** ਜਾ ਸਕਦੇ ਹੋ



- ਤੁਸੀਂ ਕੰਮ ਕਰ ਸਕਦੇ ਹੋ



- ਤੁਸੀਂ ਸਮਾਗਮਾਂ ਵਿੱਚ ਜਾ ਸਕਦੇ ਹੋ।

**ਅਤੇ**



- ਤੁਸੀਂ **ਚੋਣਾਂ** ਵਿੱਚ ਵੋਟ ਪਾ ਸਕਦੇ ਹੋ।




ਹਿੱਸਾ ਲੈਣਾ ਤੁਹਾਡਾ **ਹੱਕ** ਹੈ।

ਵਿਕਲਾਂਗਤਾ ਵਾਲੀਆਂ ਔਰਤਾਂ ਅਤੇ ਲੜਕੀਆਂ ਨੂੰ ਹਿੱਸਾ ਲੈਣ ਵਿੱਚ ਲੋੜੀਂਦੀ **ਮਦਦ** ਲੈਣ ਦਾ ਹੱਕ ਹੈ। ਜਿਵੇਂ ਕਿ



- ਵੱਖ-ਵੱਖ ਤਰੀਕਿਆਂ ਨਾਲ ਜਾਣਕਾਰੀ। ਇਹ ਇਸ ਤਰ੍ਹਾਂ ਹੋ ਸਕਦੀ ਹੈ



  - ਸੌਖੀ ਅੰਗਰੇਜ਼ੀ



  - ਵੱਡੇ ਅੱਖਰਾਂ ਵਿੱਚ ਲਿਖਾਈ
  - ਸੰਕੇਤ।



- ਮਦਦ ਵਾਸਤੇ ਇਕ ਸਹਿਯੋਗੀ ਕਾਮਾ।



## ਵਿਕਲਾਂਗਤਾ ਵਾਲੀਆਂ ਔਰਤਾਂ ਦੁਆਰਾ ਚਲਾਏ ਜਾ ਰਹੇ ਸਮੂਹਾਂ ਨੂੰ ਆਸਟ੍ਰੇਲੀਆ ਦੀ ਸਰਕਾਰ ਸਹਿਯੋਗ ਜ਼ਰੂਰ ਦੇਵੇ

ਜਿਵੇਂ ਕਿ

- Women with Disabilities Australia

  (ਵਿਕਲਾਂਗਤਾ ਵਾਲੀਆਂ ਔਰਤਾਂ, ਆਸਟ੍ਰੇਲੀਆ)

- Women with Disabilities Victoria

  (ਵਿਕਲਾਂਗਤਾ ਵਾਲੀਆਂ ਔਰਤਾਂ, ਵਿਕਟੋਰੀਆ)

- Women with Disabilities ACT

  (ਵਿਕਲਾਂਗਤਾ ਵਾਲੀਆਂ ਔਰਤਾਂ, ਏ ਸੀ ਟੀ)

- Women with Disabilities WA

  (ਵਿਕਲਾਂਗਤਾ ਵਾਲੀਆਂ ਔਰਤਾਂ, ਡਬਲਯੂ ਏ)।



## ਆਸਟ੍ਰੇਲੀਆ ਦੀ ਸਰਕਾਰ ਇਹ ਵੀ ਜ਼ਰੂਰ ਕਰੇ



- ਵਿਕਲਾਂਗਤਾ ਵਾਲੀਆਂ ਔਰਤਾਂ ਅਤੇ ਲੜਕੀਆਂ ਨੂੰ ਜਾਣਕਾਰੀ ਦੇਵੇ ਕਿ ਚੀਜ਼ਾਂ ਵਿੱਚ ਹਿੱਸਾ ਕਿਵੇਂ ਲੈਣਾ ਹੈ



- ਵਿਕਲਾਂਗਤਾ ਵਾਲੀਆਂ ਔਰਤਾਂ ਅਤੇ ਲੜਕੀਆਂ ਨੂੰ **ਹਿੱਸਾ ਲੈਣ** ਅਤੇ **ਆਗੂ ਬਣਨ ਵਾਸਤੇ** ਪੈਸੇ ਦੇਵੇ




- ਵਿਕਲਾਂਗਤਾ ਵਾਲੀਆਂ ਔਰਤਾਂ ਅਤੇ ਲੜਕੀਆਂ ਦੇ ਬਾਰੇ ਸੰਯੁਕਤ ਰਾਸ਼ਟਰ ਨੂੰ ਜਾਣਕਾਰੀ ਦੇਵੇ।



ਇੱਥੇ ਅੰਤਰ-ਰਾਸ਼ਟਰੀ ਨਿਯਮ ਹਨ ਜੋ ਇਹ ਕਹਿੰਦੇ ਹਨ ਕਿ ਵਿਕਲਾਂਗਤਾ ਵਾਲੀਆਂ ਔਰਤਾਂ ਅਤੇ ਲੜਕੀਆਂ ਨੂੰ ਹਿੱਸਾ ਲੈਣ ਦਾ ਹੱਕ ਹੈ। ਜਿਵੇਂ ਕਿ




- ਵਿਕਲਾਂਗਤਾ ਵਾਲੇ ਲੋਕਾਂ ਦੇ ਹੱਕਾਂ ਬਾਰੇ ਯੂ ਐਨ ਸਮਝੌਤਾ




- ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਹੱਕਾਂ ਬਾਰੇ ਅੰਤਰ-ਰਾਸ਼ਟਰੀ ਨੇਮ



- ਆਸਟ੍ਰੇਲੀਆ ਦੀ ਸਰਕਾਰ ਨੇ ਇਹਨਾਂ ਨਿਯਮਾਂ ਬਾਰੇ ਕਾਗਜ਼ਾਂ ਉਪਰ ਦਸਤਖਤ ਕੀਤੇ ਹਨ। ਆਸਟ੍ਰੇਲੀਆ ਦੀ ਸਰਕਾਰ ਇਹਨਾਂ ਨਿਯਮਾਂ ਦੀ ਪਾਲਣਾ ਜ਼ਰੂਰ ਕਰੇ।



# ਤੁਹਾਡਾ ਧੰਨਵਾਦ

**ਇਹ ਕਿਤਾਬ ਕਿਸ ਨੇ ਲਿਖੀ ਹੈ?**

Women With Disabilities Australia (ਵਿਕਲਾਂਗਤਾ ਵਾਲੀਆਂ ਔਰਤਾਂ, ਆਸਟ੍ਰੇਲੀਆ) ਨੇ ਇਹ ਕਿਤਾਬ 2019 ਵਿੱਚ ਲਿਖੀ ਸੀ।

ਇਹ ਕਿਤਾਬ ਸਿਰਫ਼ ਆਮ ਸਿੱਖਿਆ ਅਤੇ ਜਾਣਕਾਰੀ ਲਈ ਹੈ।

**ਹੱਕ ਰਾਂਖਵੇਂ ਹਨ**

© ਕਾਪੀਰਾਈਟ

Women With Disabilities Australia **(**ਵਿਕਲਾਂਗਤਾ ਵਾਲੀਆਂ ਔਰਤਾਂ, ਆਸਟ੍ਰੇਲੀਆ) (WWDA) ਇਨਕਾਰਪੋਰੇਟਿਡ 2019

ਕਾਪੀਰਾਈਟ ਅਤੇ ਪੇਟੈਂਟਾਂ ਦੇ ਸਮੇਤ ਇਸ ਕਿਤਾਬ ਵਿੱਚਲੇ ਸਾਰੇ ਬੌਧਿਕ ਹੱਕ, Women With Disabilities Australia Inc. (ਵਿਕਲਾਂਗਤਾ ਵਾਲੀਆਂ ਔਰਤਾਂ, ਆਸਟ੍ਰੇਲੀਆ ਇਨਕਾਰਪੋਰੇਟਡ) ਦੀ ਮਾਲਕੀ ਅਤੇ ਲਾਈਸੈਂਸ ਦੇ ਅਧੀਨ ਹਨ।

**ਇਹ ਕਿਤਾਬ ਲਿਖਣ ਲਈ ਪੈਸਿਆਂ ਵਾਸਤੇ ਤੁਹਾਡਾ ਧੰਨਵਾਦ।**

National Disability Insurance Scheme (ਰਾਸ਼ਟਰੀ ਵਿਕਲਾਂਗਤਾ ਬੀਮਾ ਸਕੀਮ) ਨੇ Women With Disabilities Australia (ਵਿਕਲਾਂਗਤਾ ਵਾਲੀਆਂ ਔਰਤਾਂ, ਆਸਟ੍ਰੇਲੀਆ) ਨੂੰ ਇਹ ਵੈਬਸਾਈਟ ਬਨਾਉਣ ਵਿੱਚ ਮਦਦ ਕਰਨ ਲਈ ਕੁਝ ਪੈਸੇ ਦਿੱਤੇ ਹਨ।

**ਇਸ ਕਿਤਾਬ ਵਿੱਚ ਵਰਤੀਆਂ ਗਈਆਂ ਤਸਵੀਰਾਂ**

Easy on the I Images © 2018 Leeds (ਇਜ਼ੀ ਔਨ ਦਾ ਇਮੇਜ਼ © 2018 ਲੀਡਜ਼) ਅਤੇ York Partnership NHS Foundation Trust (ਯੌਰਕ ਪਾਰਟਨਰਸ਼ਿੱਪ ਐਨ ਐਚ ਐਸ ਫਾਊਂਡੇਸ਼ਨ ਟਰੱਸਟ)। ਆਗਿਆ ਨਾਲ ਵਰਤੀਆਂ ਗਈਆਂ।

**www.easyonthei.nhs.uk**